## ਸੰਪਰਕ ਕਿਸ ਨਾਲ ਕੀਤਾ ਜਾਏ

ਜੇਕਰ ਤੁਹਾਨੂੰ ਰਿਹਾਇਸ਼ ਵਾਲੀ ਥਾਂ ਦੇ ਅੰਦਰਲੇ ਪਾਸੇ ਬਾਰੇ ਰਿਪੋਰਟ ਕਰਨ ਦੀ ਲੋੜ ਪੈ ਜਾਏ ਤਾਂ ਗਲਾਸਗੋ ਸਿਟੀ ਕੌਂਸਿਲ ਦੇ ਵੈੱਬਸਾਈਟ www.glasgow.gov.uk/pestcontrol ਤੇ ਪਹੁੰਚ ਕਰਕੇ ਪੈੱਸਟ ਕੰਟ੍ਰੋਲ ਫਾਰਮ ਨੂੰ ਭਰੋ ਜਾਂ ਫੋਨ ਨੰਬਰ 0141 287 1059 ਕਰਕੇ ਆਪਸ਼ਨ 4 ਵਾਸਤੇ ਕਰੋ।

ਜੇਕਰ ਕਦੀ ਬਿੱਨ ਵਾਲਾ ਗੰਦ ਨਹੀਂ ਚੁਕਿਆ ਜਾਂਦਾ ਤਾਂ ਕਿਰਪਾ ਕਰਕੇ ਇਸ ਬਾਰੇ ਜਾਣਕਾਰੀ ਜਲਦੀ ਤੋਂ ਜਲਦੀ ਗਲਾਸਗੋ ਸਿਟੀ ਕੌਂਸਿਲ ਦੇ ਵੈੱਬਸਾਈਟ www.glasgow.gov.uk/missedbincollection ਦੀ ਵਰਤੋਂ ਕਰਕੇ ਆਨਲਾਈਨ ਫਾਰਮ ਨੂੰ ਭਰ ਕੇ ਦੱਸੋ।

ਐੱਨ ਆਰ ਐੱਸ ਪਬਲਿਕ ਹੈੱਲਥ ਸ਼ਾਇਦ ਇਹੋ ਜਿਹੀਆਂ ਹਾਲਤਾਂ ਵਿੱਚ ਸਹਾਇਤਾ ਦੇ ਸਕੇ ਜਿਥੇ ਬਹੁਤ ਜ਼ਿਆਦਾ ਗੰਦ, ਕੂੜਾ ਕਰਕਟ ਹੋਣ ਜਾਂ ਉਥੇ ਕੁਝ ਫੂਡ ਸ੍ਰੋਤ ਹੋਣ ਜਿਸ ਕਾਰਣ ਚੂਹਿਆਂ ਨੂੰ ਉਤਸਾਹ ਮਿਲਦਾ ਹੋਏ। ਇਸ ਤਰ੍ਹਾਂ ਬਲੈਕ ਬੈਗਾਂ ਨਾਲ ਭਰਿਆ ਹੋਇਆ ਬੈਕ ਕੋਰਟ ਹੋ ਸਕਦਾ ਹੈ ਜਾਂ ਉਹ ਕੋਈ ਵੱਡਾ ਫਲਾਈ ਟਿੱਪ ਵਾਲਾ ਖੇਤਰ ਹੋ ਸਕਦਾ ਹੈ। ਇਹ ਸ਼ਾਇਦ ਇਸ ਤਰ੍ਹਾਂ ਵੀ ਸਹਾਇਤਾ ਕਰ ਸਕਦੇ ਹੋਣ ਜੇਕਰ ਤੁਹਾਨੂੰ ਸ਼ਕ ਹੋਏ ਕਿ ਕਿਸੇ ਬਿਜ਼ਨਿਸ ਜਾਂ ਦੁਕਾਨ ਵੱਲੋਂ ਵੇਸਟ ਮੈਨੇਜਮੈਂਟ ਦਾ ਮਾੜਾ ਤਰੀਕਾ ਹੋਣ ਕਾਰਣ ਇਹ ਕੀੜਿਆਂ ਮਕੌੜਿਆਂ/ਚੂਹਿਆਂ ਨੂੰ ਉਤਸਾਹਿਤ ਕਰ ਰਹੀ ਹੈ। ਜੇਕਰ ਤੁਹਾਨੂੰ ਇਹੋ ਜਿਹੇ ਦੀ ਪ੍ਰਾਪਰਟੀ ਦਾ ਪਤਾ ਹੈ ਤਾਂ ਤੁਸੀਂ NRS ਪਬਲਿਕ ਹੈੱਲਥ ਨੂੰ LES-PublicHealth@glasgow.gov.uk ਤੇ ਈਮੇਲ ਕਰ ਸਕਦੇ ਹੋ ਜਾਂ 0141 287 1059 ਤੇ ਫੋਨ ਕਰ ਸਕਦੇ ਹੋ।

## ਮਾਈ ਗਲਾਸਗੋ ਐਪ

ਤੁਸੀਂ ਸਾਡੇ ਐਪ ਨੂੰ ਸਭ ਤਰ੍ਹਾਂ ਦੀਆਂ ਸਰਵਿਸਜ਼ ਵਾਸਤੇ ਵਰਤ ਸਕਦੇ ਹੋ ਜਿਵੇਂ ਕਿ ਗੰਦ ਵਾਲੀਆਂ ਭਾਰੀ ਚੀਜ਼ਾਂ ਦੀ ਕੋਲੈਕਸ਼ਨ ਕਰਨ ਤੋਂ ਲੈ ਕੇ ਫਲਾਈ ਟਿਪਿੰਗ ਜਾਂ ਗ੍ਰੈਫੀਟੀ ਬਾਰੇ ਵੀ ਰਿਪੋਰਟ ਕਰ ਸਕਦੇ ਹੋ। ਸਾਡੇ “MORE SERVICES” ਵਾਲੇ ਸੈੱਕਸ਼ਨ ਵਿੱਚ ਵੀ ਲਾਭਦਾਇਕ ਜਾਣਕਾਰੀ ਵਾਸਤੇ ਹੈਂਡੀਲਿੰਕਸ ਹਨ।



**ਤੁਸੀਂ ਮਾਈ ਗਲਾਸਗੋ ਐਪ ਡਾਊਨਲੋਡ ਕਰ ਸਕਦੇ ਹੋ**

**ਐਪ ਸਟੋਰ ਅਤੇ ਗੂਗਲ ਪਲੇ ਤੋਂ**

**ਇਥੇ ਦਿਤੀਆਂ ਹੋਈਆਂ ਜ਼ਬਾਨਾਂ ਵਿੱਚ ਡਾਕੂਮੈਂਟ ਨੂੰ ਡਾਊਨਲੋਡ ਕਰਨ ਵਾਸਤੇ ਕਿਓ ਆਰ ਕੋਡ ਨੂੰ ਸਕੈਨ ਕਰੋ**

- ਅਰਬੀ
- ਮੈਂਡਰੀਨ
- ਪੰਜਾਬੀ
- ਉਰਦੂ
- ਸਲੋਵਾਕੀਅਨ
- ਫਾਰਸੀ
- ਕੁਰਦਿਸ਼
- ਪੋਲਿਸ਼

**ਸਕੈਨ ਮੀ!**



# ਰੋਡੈਂਟ ਕੰਟ੍ਰੋਲ

**ਚੂਹਿਆਂ ਨੂੰ ਕਿਵੇਂ ਕੰਟਰੋਲ ਕਰਨਾ ਹੈ/ਉਹਨਾਂ ਦੀ ਰੋਕਥਾਮ**

**ਬਾਰੇ ਜਾਣਕਾਰੀ ਅਤੇ ਸਲਾਹ**



Glasgow CITY COUNCIL

## ਆਰੰਭ



ਚੂਹਿਆਂ ਵਰਗੇ ਪੈੱਸਟਸ ਸ਼ਹਿਰੀ ਇਲਾਕਿਆਂ ਵਿੱਚ ਸਦਾ ਹੀ ਮੌਜੂਦ ਹੁੰਦੇ ਹਨ ਅਤੇ ਸਾਨੂੰ ਪਤਾ ਹੈ ਕਿ ਅਪਣੇ ਗੁਆਂਢ ਵਿੱਚ ਚੂਹੇ ਵੇਖ ਕੇ ਦੁਖ ਹੁੰਦਾ ਹੈ।

ਚੂਹੇ ਫੂਡ, ਪਾਣੀ ਅਤੇ ਰਹਿਣ ਵਾਸਤੇ ਥਾਂ ਲੱਭਦੇ ਹਨ। ਗੰਦੇ ਨਾਲੇ ਅਤੇ ਨਾਲੀਆਂ ਆਮ ਤੌਰ ਤੇ ਚੂਹਿਆਂ ਦੀਆਂ ਰਹਿਣ ਵਾਲੀਆਂ ਥਾਂਵਾਂ ਹਨ, ਨਾਲੇ ਸ਼ੈੱਡਾਂ ਅਤੇ ਬਾਹਰਲੀਆਂ ਬਿਲਡਿੰਗਾਂ ਵਿੱਚ ਲੁਕਵੀਆਂ ਥਾਂਵਾਂ ਵੀ ਹਨ। ਸਾਨੂੰ ਇਹੋ ਜਿਹੀਆਂ ਥਾਂਵਾਂ ਨੂੰ ਟਰੀਟ ਕਰਨਾ ਚਾਹੀਦਾ ਹੈ ਜਿਥੇ ਚੂਹੇ ਹੁੰਦੇ ਹਨ, ਇਨ੍ਹਾਂ ਵਿੱਚ ਸ਼ਾਮਿਲ ਹੋ ਸਕਦੇ ਹਨ ਉਸਾਰੀਆਂ ਹੋਈਆਂ ਥਾਂਵਾਂ ਜਾਂ ਮੋਰੀਆਂ ਜਿਨ੍ਹਾਂ ਵਿੱਚ ਚੂਹੇ ਰਹਿ ਸਕਦੇ ਹਨ।

ਚੂਹਿਆਂ ਕੋਲੋਂ ਲੰਬੇ ਸਮੇਂ ਵਾਸਤੇ ਛੁਟਕਾਰਾ ਪਾਉਣ ਵਾਸਤੇ ਸਭ ਤੋਂ ਵੱਧੀਆ ਤਰੀਕਾ ਰੋਕਥਾਮ ਹੈ। ਚੂਹਿਆਂ ਨੂੰ ਕੰਟ੍ਰੋਲ ਕਰਨ ਵਾਸਤੇ ਜ਼ਰੂਰ ਹੀ ਸਾਨੂੰ ਸੱਭ ਨੂੰ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਕਿਸੇ ਵੀ ਥਾਂ ਤੋਂ ਚੂਹਿਆਂ ਨੂੰ ਕੱਢਣ ਦੀ ਬਜਾਇ ਉਨ੍ਹਾਂ ਦੀ ਭਰਮਾਰ ਹੋਣ ਨੂੰ ਰੋਕਣਾ ਸੌਖਾ ਹੈ। ਅਗਰ ਲੰਮੇਂ ਸਮੇਂ ਪੱਖੋਂ ਵੇਖਿਆ ਜਾਵੇ ਤਾਂ ਇਨ੍ਹਾਂ ਨੂੰ ਮਾਰਨਾ ਕੋਈ ਹੱਲ ਨਹੀਂ ਹੈ ਕਿਓਂਕਿ ਨਵੀਆਂ ਉਪਲਬਧ ਥਾਂਵਾਂ ਵਿੱਚ ਦੂਸਰੇ ਚੂਹੇ ਪਹੁੰਚ ਜਾਣਗੇ ਜੇਕਰ ਫੂਡ ਦੇ ਸ੍ਰੋਤ ਅਤੇ ਸ਼ੈੱਲਟਰ ਬੱਚੇ ਰਹਿੰਦੇ ਹਨ।

## ਟਰੀਟਮੈਂਟ

ਅਸੀਂ ਪੂਰੀ ਤਰ੍ਹਾਂ ਸੁਝਾਅ ਦੇਂਦੇ ਹਾਂ ਕਿ ਜੇਕਰ ਨਿਵਾਸੀਆਂ ਅਤੇ ਬਿਜ਼ਨਿਸਾਂ ਨੂੰ ਕੋਈ ਫਿਕਰ ਹੈ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਪ੍ਰਾਪਰਟੀ ਦਾ ਟਰੀਟਮੈਂਟ ਕਰਵਾਉਣ, ਇਸ ਤਰ੍ਹਾਂ ਇਸ ਸਮਸਿਆ ਦਾ ਹੱਲ ਜਲਦੀ ਹੋ ਜਾਏਗਾ।

ਕਿਰਪਾ ਕਰਕੇ ਨੋਟ ਕਰੋ ਕਿ ਨੇਬਰਹੁੱਡਜ਼, ਰੀਜੈਨਰੇਸ਼ਨ ਅਤੇ ਸਸਟੇਨੇਬਿਲਿਟੀ (ਐੱਨ ਆਰ ਐੱਸ) ਪੈੱਸਟ ਕੰਟ੍ਰੋਲ ਖੁਲੀਆਂ ਥਾਂਵਾਂ ਜਿਵੇਂ ਕਿ ਪਿਛਲੀਆਂ ਗਲੀਆਂ ਅਤੇ ਫਾਲਤੂ ਗਰਾਊਂਡ ਵਿੱਚ ਜ਼ਹਿਰ ਅਤੇ ਟ੍ਰੈਪਸ **ਨਹੀਂ** ਪਾ ਸਕਦੇ ਕਿਉਂਕਿ ਇਸ ਨਾਲ ਪੈੱਟਸ ਅਤੇ ਜੰਗਲੀ ਜਾਨਵਰਾਂ ਅਤੇ ਲੋਕਾਂ ਨੂੰ ਜੋਖਿਮ ਹੁੰਦਾ ਹੈ।

## ਰੋਕਥਾਮ



ਗਲਤ ਢੰਗ ਨਾਲ ਬਿਜ਼ਨਿਸ ਦੀਆਂ ਚੀਜ਼ਾਂ ਸਟੋਰ ਕਰਨ ਨਾਲ ਅਤੇ ਘਰੇਲੂ ਗੰਦ, ਫਲਾਈ ਟਿਪਿੰਗ ਅਤੇ ਗੰਦ ਪਾਉਣ ਨਾਲ ਵੀ ਚੂਹਿਆਂ ਨੂੰ ਉਤਸਾਹਿਤ ਕਰਕੇ ਪੈੱਸਟ ਵਾਲੇ ਮਸਲੇ ਹੋਰ ਜ਼ਿਆਦਾ ਖਰਾਬ ਹੋ ਜਾਂਦੇ ਹਨ। ਗੰਦ ਨੂੰ ਬੈਗ ਵਿੱਚ ਪਾ ਕੇ ਅਤੇ ਉੱਚਿਤ ਬਿੱਨ ਵਿੱਚ ਪਾਉਣਾ ਚਾਹੀਦਾ ਹੈ ਅਤੇ ਗੰਦ ਵਾਲੇ ਡੱਬਿਆਂ ਦੇ ਢੱਕਣਾਂ ਨੂੰ ਹਰ ਸਮੇਂ ਬੰਦ ਰਖਣਾ ਚਾਹੀਦਾ ਹੈ। ਬੈਗ ਵਿੱਚ ਪਾਏ ਹੋਏ ਗੰਦ ਨੂੰ **ਕਦੀ ਵੀ ਨਹੀਂ** ਬਿੱਨ ਤੋਂ ਬਾਹਰ ਰਖਣਾ ਚਾਹੀਦਾ ਹੈ।

### ਅਪਣੇ ਪ੍ਰਭਾਵਿਤ ਇਲਾਕੇ ਵਿੱਚ ਚੂਹਿਆਂ ਦੇ ਜੋਖਿਮ ਨੂੰ ਘੱਟ ਕਰਨ ਲਈ ਇਹ ਕਦਮ ਚੁੱਕੋ:

- ਅਪਣੇ ਗਾਰਡਨ ਨੂੰ ਵੇਸਟ ਅਤੇ ਕੂੜੇ ਕਰਕਟ ਤੋਂ ਮੁਕਤ ਰੱਖੋ
- ਸਾਰੇ ਕੂੜੇ ਕਰਕਟ ਨੂੰ ਅਪਣੇ ਬਿਨਾਂ ਵਿੱਚ ਪਾਓ ਅਤੇ ਢੱਕਣਾਂ ਨੂੰ ਬੰਦ ਰੱਖੋ ਵਿਸ਼ੇਸ਼ ਤੌਰ ਤੇ ਫੂਡ ਅਤੇ ਗਾਰਡਨ ਵੇਸਟ (ਬਰਾਊਨ) ਬਿਨ ਅਤੇ ਬਚੀ ਹੋਈ ਵੇਸਟ (ਗਰੀਨ) ਬਿੱਨ ਨੂੰ।
- ਜੇਕਰ ਤੁਹਾਡੇ ਕੋਲ ਵੇਸਟ ਹੈ, ਜਿਸ ਨੂੰ ਤੁਸੀਂ ਆਪਣੇ ਬਿੱਨ ਵਿੱਚ ਫਿਟ ਨਹੀਂ ਕਰ ਸਕਦੇ ਤਾਂ ਤੁਸੀਂ ਇਸ ਨੂੰ ਸਾਡੇ ਹਾਊਸਹੋਲਡ ਵੇਸਟ ਰੀਸਾਈਕਲਿੰਗ ਸੈਂਟਰਾਂ (ਐੱਚ ਡਬਲਿਯੂ ਆਰ ਸੀ) ਵਿੱਚੋਂ ਕਿਸੇ ਵੀ ਸੈਂਟਰ ਵਿੱਚ ਬਿਨਾ ਪੈਸੇ ਖਰਚਿਆਂ ਲੈ ਕੇ ਜਾ ਸਕਦੇ ਹੋ। ਫੇਰ ਵੀ, ਜੇਕਰ ਤੁਸੀਂ ਆਪਣੇ ਰੀਸਾਈਕਲਿੰਗ ਬਿਨਜ਼ ਨੂੰ ਆਪਣੇ ਰਬਿਸ਼ ਨੂੰ ਛਾਂਟਨ ਲਈ ਵਰਤਦੇ ਹੋ ਤਾਂ ਤੁਹਾਡੇ ਕੋਲ ਬਚੇ ਹੋਏ ਵੇਸਟ ਵਾਸਤੇ (ਗਰੀਨ) ਬਿੱਨ ਵਿੱਚ ਕਾਫੀ ਥਾਂ ਹੋਣੀ ਚਾਹੀਦੀ ਹੈ।
- ਜੇਕਰ ਤੁਸੀਂ ਪੰਛੀਆਂ ਅਤੇ ਹੋਰ ਜੰਗਲੀ ਜਾਨਵਰਾਂ ਵਾਸਤੇ ਬੀਜ ਜਾਂ ਨੱਟਸ ਪਾਉਂਦੇ ਹੋ ਤਾਂ ਦਿਨ ਦੀ ਸਮਾਪਤੀ ਤੇ ਬੱਚ ਗਏ ਫੂਡ ਨੂੰ ਉਥੋਂ ਚੁੱਕ ਦਿਓ। ਰਾਤ ਸਮੇਂ ਚੂਹੇ ਆਪਣੇ ਠਿਕਾਣਿਆਂ ਵਿਚੋਂ ਨਿਕਲ ਕੇ ਫੂਡ ਦੀ ਭਾਲ ਕਰਣਗੇ ਅਤੇ ਹਰ ਤਰ੍ਹਾਂ ਦੇ ਇਹੋ ਜਿਹੇ ਫੂਡ ਨੂੰ ਖਾਣਗੇ ਜਿਹੜਾ ਵਾਈਲਡਲਾਈਫ ਫੀਡਰਾਂ ਵਿੱਚੋਂ ਜਾਂ ਮੇਜ਼ਾਂ ਤੋਂ ਡਿਗਦਾ ਹੈ। ਜੇਕਰ ਤੁਸੀਂ ਰਾਤ ਹੋਣ ਤੋਂ ਪਹਿਲੋਂ ਉਥੋਂ ਫੂਡ ਨੂੰ ਚੁੱਕ ਨਹੀਂ ਦੇਂਦੇ ਤਾਂ **ਤੁਸੀਂ ਪੰਛੀਆਂ ਨੂੰ ਖੁਆਣ ਦੀ ਬਜਾਇ ਚੂਹਿਆਂ ਨੂੰ ਖੁਆਓਗੇ।**
- ਜਿਥੋਂ ਤਕ ਸੰਭਵ ਹੋ ਸਕੇ ਬਿਨਾਂ ਨੂੰ ਵਲਗਣ ਜਾਂ ਦੀਵਾਰ ਤੋਂ ਦੂਰ ਰੱਖੋ ਕਿਓਂਕਿ ਚੂਹੇ ਇਨ੍ਹਾਂ ਤੇ ਚੜ੍ਹ ਸਕਦੇ ਹਨ ਅਤੇ ਫੇਰ ਉਹ ਬਿੱਨ ਉਪਰ ਛਾਲ ਮਾਰਕੇ ਫੂਡ ਤਕ ਪਹੁੰਚ ਸਕਦੇ ਹਨ।
- ਕਿਸੇ ਵੀ ਥਾਂ ਤੇ ਪਹੁੰਚ ਕਰਨ ਲਈ ਚੂਹਿਆਂ ਨੂੰ ਕੇਵਲ 15 ਐੱਮ ਐੱਮ ਵਾਲੀ ਵਿੱਥ ਦੀ ਲੋੜ ਹੁੰਦੀ ਹੈ, ਇਸ ਕਾਰਣ ਚੂਹਿਆਂ ਨੂੰ ਆਪਣੇ ਘਰ ਵਿੱਚ ਪਹੁੰਚ ਨਾ ਕਰਨ ਦੇਣ ਲਈ ਆਪਣੇ ਘਰ ਦੀਆਂ ਵਿੱਥਾਂ ਜਾਂ ਪਾਈਪਾਂ ਦੇ ਆਸੇ ਪਾਸੇ ਵਾਲੀਆਂ ਵਿੱਥਾਂ ਨੂੰ ਸੀਮੈਂਟ ਭਰ ਕੇ ਬੰਦ ਕਰਵਾ ਦਿਓ।
  **ਨੋਟ ਕਰੋ: ਫੋਮ ਸੀਲਐਂਟ ਰੋਡੈਂਟ ਪਰੂਫ ਨਹੀਂ ਹੈ।**

